بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ
لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

**Mob: +919682536974, E-Mail: ansarullah@qadian.in**    ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਮੁਹੱਬਤਿ ਇਲਾਹੀ ਦੇ ਸੰਦਰਭ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਪਾਕੀਜ਼ਾ ਸੀਰਤ ਦਾ ਇਮਾਨ ਅਫ਼ਰੋਜ਼ ਅਤੇ ਦਿਲਨਸ਼ੀਨ ਤਜ਼ਕਿਰਾ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 26 ਦਿਸੰਬਰ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਪਿਛਲੇ ਖ਼ੁਤਬੇ ਵਿੱਚ ਮੈਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸੀਰਤ ਦੇ ਹਵਾਲੇ ਨਾਲ਼ ਕੁੱਝ ਗੱਲਾਂ ਕੀਤੀਆਂ ਸਨ। ਅੱਜ ਅੱਲਾਹ ਤਆਲਾ ਦੀ ਮੁਹੱਬਤ ਦੇ ਹਵਾਲੇ ਨਾਲ਼ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸੀਰਤ ਦੇ ਕੁੱਝ **ਪਹਿਲੂ** ਬਿਆਨ ਕਰਾਂਗਾ। ਅਸੀਂ ਦੇਖਦੇ ਹਾਂ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸੀਰਤ ਦੇ ਇਸ ਪਹਿਲੂ ਨਾਲ਼ ਅੱਲਾਹ ਤਆਲਾ ਦੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨਾਲ਼ **ਮੁਹੱਬਤ** ਦਾ ਇਜ਼ਹਾਰ ਹੁੰਦਾ ਹੈ, ਸਿਰਫ਼ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਹੀ ਅੱਲਾਹ ਤਆਲਾ ਨਾਲ਼ ਮੁਹੱਬਤ ਨਹੀਂ ਬਲਕਿ ਅੱਲਾਹ ਤਆਲਾ ਦੀ ਵੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨਾਲ਼ ਮੁਹੱਬਤ ਹੈ ਅਤੇ ਫਿਰ ਅੱਲਾਹ ਤਆਲਾ ਨੇ ਇਸ ਇਜ਼ਹਾਰ ਦੇ ਬਾਅਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ **ਰਹਿਨੁਮਾਈ** ਕੀਤੀ ਅਤੇ ਫਿਰ ਕਿਸ ਤਰ੍ਹਾਂ ਇਸ ਮੁਹੱਬਤ ਵਿੱਚ ਹੋਰ ਵਧ ਕੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਪਣੀ ਉੱਮਤ ਦੀ ਤਰਬੀਅਤ ਅਤੇ ਰਹਿਨੁਮਾਈ ਵੀ ਕੀਤੀ। ਇਸ ਮੁਹੱਬਤ ਦਾ ਇਜ਼ਹਾਰ ਅਸੀਂ ਵੱਖ ਵੱਖ ਰਿਵਾਇਤਾਂ ਵਿੱਚ ਦੇਖਦੇ ਹਾਂ, ਜਿਹੜੀ ਮੁਹੱਬਤ ਅੱਲਾਹ ਤਆਲਾ ਨੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨਾਲ਼ ਕੀਤੀ ਸੀ ਅਤੇ ਜਿਹੜੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਅੱਲਾਹ ਤਆਲਾ ਨਾਲ਼ ਮੁਹੱਬਤ ਸੀ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਹੀ ਉਹ **ਕਾਮਿਲ ਇਨਸਾਨ** ਹਨ ਕਿ ਜਿਨ੍ਹਾਂ ਦੇ ਮੁਕ਼ਾਮ ਤੱਕ ਕੋਈ ਨਹੀਂ ਪਹੁੰਚ ਸਕਦਾ। ਹਾਂ! ਅੱਲਾਹ ਤਆਲਾ ਨੇ ਇਹ ਫ਼ਰਮਾਇਆ ਹੈ ਕਿ ਤੁਹਾਡੇ ਲਈ **ਉਸਵਃ** ਹੈ ਇਨ੍ਹਾਂ ਦੀ ਪੈਰਵੀ ਕਰਨ ਦੀ ਕੋਸ਼ਿਸ਼ ਕਰੋ। ਇਹੀ ਵਜ੍ਹਾ ਹੈ ਕਿ ਅੱਲਾਹ ਤਆਲਾ ਨੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਜ਼ਰੀਏ ਇਹ ਵੀ ਐਲਾਨ ਕਰਵਾ ਦਿੱਤਾ ਕਿ ਲੋਕਾਂ ਨੂੰ ਦੱਸ ਦਓ ਕਿ ਤੂੰ ਕਹਿ ਦੇ ਕਿ ਐ ਲੋਕੋ! ਜੇਕਰ ਤੁਸੀਂ ਅੱਲਾਹ ਨਾਲ਼ ਮੁਹੱਬਤ ਰੱਖਦੇ ਹੋ ਤਾਂ ਫਿਰ ਮੇਰੀ ਪੈਰਵੀ ਕਰੋ, ਇਸ ਸੂਰਤ ਵਿੱਚ ਉਹ ਵੀ ਤੁਹਾਡੇ ਨਾਲ਼ ਮੁਹੱਬਤ ਕਰੇਗਾ। ਅਤੇ ਤੁਹਾਡੇ **ਕ਼ਸੂਰ** ਬਖ਼ਸ਼ ਦੇਵੇਗਾ, ਅਤੇ ਅੱਲਾਹ ਬਹੁਤ ਬਖ਼ਸ਼ਣ ਵਾਲ਼ਾ ਅਤੇ ਬਾਰ-ਬਾਰ ਰਹਿਮ ਕਰਨ ਵਾਲ਼ਾ ਹੈ। ਬਸ ਅੱਲਾਹ ਤਆਲਾ ਦੀ ਮੁਹੱਬਤ ਹਾਸਿਲ ਕਰਨ ਦੇ ਤਰੀਕ਼ੇ ਵੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਉਸਵੇ ਤੋਂ ਹੀ ਸਿੱਖਣੇ ਹੋਣਗੇ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅੱਲਾਹ ਤਆਲਾ ਨਾਲ਼ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਮੁਹੱਬਤ ਦੇ ਜਿਹੜੇ ਨਜ਼ਾਰੇ ਸਾਨੂੰ ਨਜ਼ਰ ਆਉਂਦੇ ਹਨ, ਅਹਾਦੀਸ ਵਿੱਚ ਅਜਿਹੀਆਂ ਰਿਵਾਇਤਾਂ ਮਿਲ਼ਦੀਆਂ ਹਨ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਅੱਲਾਹ ਤਆਲਾ ਕੋਲੋਂ ਉਸ ਦੀ ਮੁਹੱਬਤ ਦੇ ਤਲਬਗਾਰ ਹੁੰਦੇ ਹੋਏ ਇਹ ਦੁਆ ਕਰਿਆ ਕਰਦੇ ਸਨ ਕਿ ਐ ਅੱਲਾਹ! ਮੈਂ ਤੇਰੇ ਤੋਂ ਤੇਰੀ ਮੁਹੱਬਤ ਮੰਗਦਾ ਹਾਂ ਅਤੇ ਉਸਦੀ ਮੁਹੱਬਤ ਜੋ ਤੇਰੇ ਨਾਲ਼ ਮੁਹੱਬਤ ਕਰਦਾ ਹੈ ਅਤੇ

ਅਜਿਹੇ ਅਮਲ ਦੀ ਤੌਫ਼ੀਕ਼ ਮੰਗਦਾ ਹਾਂ ਜਿਹੜਾ ਮੈਨੂੰ ਤੇਰੀ ਮੁਹੱਬਤ ਤੱਕ ਪਹੁੰਚਾ ਦੇਵੇ। ਐ ਅੱਲਾਹ! ਤੂੰ ਆਪਣੀ ਮੁਹੱਬਤ ਮੈਨੂੰ ਮੇਰੀ ਜ਼ਾਤ, ਮੇਰੇ ਘਰ ਵਾਲਿਆਂ ਅਤੇ ਠੰਡੇ ਪਾਣੀ ਤੋਂ ਵੀ ਜ਼ਿਆਦਾ ਮਹਿਬੂਬ ਬਣਾ ਦੇ। ਬਸ ਇਹ ਉਹ ਦੁਆ ਹੈ ਜਿਹੜੀ ਅੱਜ ਹਰ ਉਸ ਸ਼ਖ਼ਸ ਨੂੰ ਕਰਨੀ ਚਾਹੀਦੀ ਹੈ ਜਿਹੜਾ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨਾਲ਼ ਮੁਹੱਬਤ ਦਾ ਦਾਅਵਾ ਕਰਦਾ ਹੈ ਅਤੇ ਜਿਹੜਾ ਇਹ ਚਾਹੁੰਦਾ ਹੈ ਕਿ ਉਹ ਵੀ ਅੱਲਾਹ ਤਆਲਾ ਨਾਲ਼ ਮੁਹੱਬਤ ਦਾ **ਇਜ਼ਹਾਰ** ਕਰੇ, ਅੱਲਾਹ ਤਆਲਾ ਦਾ ਮਹਿਬੂਬ ਬਣੇ ਅਤੇ ਅੱਲਾਹ ਤਆਲਾ ਉਸ 'ਤੇ ਆਪਣਾ ਫ਼ਜ਼ਲ ਫ਼ਰਮਾਵੇ।

ਅੱਲਾਹ ਤਆਲਾ ਨਾਲ਼ ਮੁਹੱਬਤ ਦੇ ਇੱਕ **ਵਾਕ਼ੇ** ਦਾ ਜ਼ਿਕਰ ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਨੇ ਇੰਝ ਕੀਤਾ ਕਿ ਮੈਂ ਇੱਕ ਰਾਤ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਸਜਦੇ ਵਿੱਚ ਇਹ ਦੁਆ ਕਰਦੇ ਹੋਏ ਸੁਣਿਆ ਕਿ ਮੈਂ ਤੇਰੀ **ਰਜ਼ਾ** ਦੀ ਪਨਾਹ ਵਿੱਚ ਆਉਂਦਾ ਹਾਂ ਤੇਰੀ **ਨਾਰਾਜ਼ਗੀ** ਤੋਂ ਅਤੇ ਤੇਰੇ **ਅਫ਼ਵ** ਦੀ ਪਨਾਹ ਵਿੱਚ ਆਉਂਦਾ ਹਾਂ ਤੇਰੀ **ਸਜ਼ਾ** ਤੋਂ। ਮੈਂ ਸਨਾਅ ਨੂੰ ਤੇਰੇ 'ਤੇ ਸੁਮਾਰ ਨਹੀਂ ਕਰ ਸਕਦਾ। ਤੂੰ ਅਜਿਹਾ ਹੀ ਹੈ ਜਿਵੇਂ ਤੂੰ ਆਪਣੇ ਆਪ ਦੀ ਤਾਰੀਫ਼ ਕੀਤੀ ਹੈ। ਇਸੇ ਤਰ੍ਹਾਂ ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਫ਼ਰਮਾਉਂਦੀ ਹਨ ਕਿ ਇੱਕ ਰਾਤ ਮੈਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਕਹਿੰਦੇ ਹੋਏ ਸੁਣਿਆ ਕਿ ਤੇਰੇ ਲਈ ਮੇਰੇ ਜਿਸਮ ਅਤੇ ਜਾਨ ਸਜਦੇ ਵਿੱਚ ਹਨ, ਮੇਰਾ ਦਿਲ ਤੇਰੇ 'ਤੇ ਇਮਾਨ ਲਿਆਉਂਦਾ ਹੈ। ਐ ਮੇਰੇ ਰੱਬ! ਇਹ ਮੇਰੇ ਦੋਹੇਂ ਹੱਥ ਹਨ ਜੋ ਤੇਰੇ ਸਾਹਮਣੇ ਖੁੱਲ੍ਹੇ ਹਨ ਅਤੇ ਜੋ ਕੁੱਝ ਮੈਂ ਇਨ੍ਹਾਂ ਦੇ ਨਾਲ਼ ਆਪਣੀ ਜਾਨ 'ਤੇ ਜ਼ੁਲਮ ਕੀਤਾ ਹੈ ਉਹ ਵੀ ਤੇਰੇ ਸਾਹਮਣੇ ਹੈ। ਐ ਬਹੁਤੀਆਂ ਅਜ਼ਮਤਾਂ ਵਾਲ਼ੇ! ਜਿਸ ਕੋਲ਼ੋਂ ਹਰ ਵੱਡੀ ਤੋਂ ਵੱਡੀ ਗੱਲ ਦੀ ਉਮੀਦ ਕੀਤੀ ਜਾਂਦੀ ਹੈ, ਤੂੰ ਸਭ ਵੱਡੇ ਗੁਨਾਹਾਂ ਨੂੰ ਬਖ਼ਸ਼ ਦੇ। ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਨੂੰ ਫ਼ਰਮਾਇਆ ਕਿ ਗੱਲ ਇਹ ਹੈ ਕਿ ਹਜ਼ਰਤ ਜਿਬਰਾਈਲ ਅਲੈਹਿੱਸ੍ ਸਲਾਮ ਮੇਰੇ ਕੋਲ਼ ਆਏ ਸਨ ਅਤੇ ਉਨ੍ਹਾਂ ਨੇ ਮੈਨੂੰ ਇਹ **ਅਲਫ਼ਾਜ਼** ਪੜ੍ਹਨ ਲਈ ਕਿਹਾ ਸੀ। ਇਸ ਲਈ ਤੂੰ ਵੀ ਆਪਣੇ ਸਜਦਿਆਂ ਵਿੱਚ ਇਹ ਦੁਆ ਪੜ੍ਹਿਆ ਕਰ। ਜਿਹੜਾ ਸ਼ਖ਼ਸ ਇਹ ਕਲਮੇ ਪੜ੍ਹੇਗਾ ਉਹ ਸਜਦੇ ਤੋਂ ਸਿਰ ਚੁੱਕਣ ਤੋਂ ਪਹਿਲਾਂ ਹੀ ਬਖ਼ਸ਼ਿਆ ਜਾਵੇਗਾ। ਇੱਕ ਹੋਰ ਰਿਵਾਇਤ ਦੇ ਮੁਤਾਬਿਕ਼ ਹਜ਼ਰਤ ਜਿਬਰਾਈਲ ਅਲੈਹਿੱਸ੍ ਸਲਾਮ ਨੇ ਕਿਹਾ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਰੱਬ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਇਰਸ਼ਾਦ ਫ਼ਰਮਾਉਂਦਾ ਹੈ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਬਕ਼ੀਅ ਵਿੱਚ ਦਫ਼ਨ ਲੋਕਾਂ ਦੇ ਕੋਲ਼ ਜਾਓ ਅਤੇ ਉਨ੍ਹਾਂ ਲਈ **ਬਖ਼ਸ਼ਿਸ਼** ਮੰਗੋ। ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਨੇ ਕਿਹਾ ਕਿ ਮੈਂ ਵੀ ਇਸ ਸਵਾਬ ਵਿੱਚ ਦਾਖ਼ਿਲ ਹੋ ਸਕਦੀ ਹਾਂ, ਹੁਣ ਮੈਂ ਵੀ ਉੱਥੋਂ ਹੋ ਕੇ ਆਈ ਹਾਂ ਤਾਂ ਮੈਂ ਕੀ ਦੁਆ ਕਰਾਂ? ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਤੂੰ ਕਹਿ ਕਿ **ਮੋਮਿਨਾਂ** ਅਤੇ **ਮੁਸਲਮਾਨਾਂ** ਵਿੱਚੋਂ ਇਸ ਘਰ ਵਾਲ਼ਿਆਂ 'ਤੇ ਸਲਾਮ ਹੋਵੇ ਅਤੇ ਅੱਲਾਹ ਤਆਲਾ ਸਾਡੇ ਵਿੱਚੋਂ ਅੱਗੇ ਜਾਣ ਵਾਲ਼ਿਆਂ ਅਤੇ ਬਾਅਦ ਵਿੱਚ ਜਾਣ ਵਾਲ਼ਿਆਂ 'ਤੇ ਰਹਿਮ ਫ਼ਰਮਾਵੇ ਅਤੇ ਜੇਕਰ ਅੱਲਾਹ ਨੇ ਚਾਹਿਆ ਤਾਂ ਅਸੀਂ ਵੀ ਤੁਹਾਡੇ ਨਾਲ਼ ਮਿਲਣ ਵਾਲ਼ੇ ਹਾਂ।

ਹਜ਼ਰਤ ਇਬਨਿ ਉਮਰ ਨੇ ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਕੋਲ਼ੋਂ ਪੁੱਛਿਆ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸਭ ਤੋਂ **ਪਿਆਰੀ** ਅਤੇ **ਅਜੀਬ** ਗੱਲ ਜਿਹੜੀ ਆਪ ਰਜ਼ਿ ਅੱਲਾਹੁ ਅਨਹਾ ਨੇ ਦੇਖੀ ਹੋਵੇ ਉਹ ਮੈਨੂੰ ਦੱਸੋ। ਇਹ ਸੁਣ ਕੇ ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਰੋਣ ਲੱਗ ਪਏ ਅਤੇ ਫਿਰ ਫ਼ਰਮਾਇਆ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਹਰ ਮੁਆਮਲਾ ਹੀ **ਪਿਆਰਾ** ਅਤੇ **ਅਜੀਬ** ਸੀ। ਫਿਰ ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਨੇ ਬਿਆਨ ਕੀਤਾ ਕਿ ਇੱਕ ਵਾਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਮੇਰੀ ਵਾਰੀ ਦੀ ਰਾਤ ਮੇਰੇ ਕੋਲ਼ ਤਸ਼ਰੀਫ਼ ਲਿਆਏ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਐ ਆਇਸ਼ਾ! ਜੇਕਰ ਮੈਨੂੰ ਇਜਾਜ਼ਤ ਦੇਵੇਂ ਤਾਂ ਅੱਜ ਦੀ ਬਾਕ਼ੀ ਸਾਰੀ ਰਾਤ ਮੈਂ ਆਪਣੇ ਰੱਬ ਦੀ **ਇਬਾਦਤ** ਕਰਾਂ? ਮੈਂ ਅਰਜ਼ ਕੀਤਾ ਕਿ ਮੈਨੂੰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ **ਕ਼ੁਰਬ** (ਨੇੜਤਾ) ਅਤੇ **ਖ਼ਾਹਿਸ਼** ਦੋਹੇਂ ਮਹਿਬੂਬ ਹਨ। ਵਜ਼ੂ ਕਰਨ ਦੇ ਬਾਅਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਖੜੇ ਹੋਏ ਅਤੇ ਕ਼ੁਰਆਨ ਕਰੀਮ ਪੜ੍ਹਨ ਲੱਗੇ ਅਤੇ ਰੋਣ ਲੱਗੇ ਇੱਥੋਂ ਤੱਕ ਕਿ ਮੈਂ ਦੇਖਿਆ ਕਿ ਅੱਥਰੂ ਆਪ ਸੱਲ-ਲੱਲਾਹੁ ਅਲੈਹਿ-ਵਸੱਲ ਦੇ **ਦਾਮਨ** ਤੱਕ ਪਹੁੰਚ ਗਏ। ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲ ਨੇ ਆਪਣੇ ਸੱਜੇ ਪਹਿਲੂ 'ਤੇ ਟੇਕ ਲਾਈ ਅਤੇ ਆਪਣੇ ਸੱਜੇ ਹੱਥ ਨੂੰ **ਗੱਲ੍ਹ** ਦੇ ਥੱਲੇ ਰੱਖਿਆ ਅਤੇ ਫਿਰ ਰੋਣ ਲੱਗੇ ਇੱਥੋਂ ਤੱਕ ਕਿ ਮੈਂ

ਦੇਖਿਆ ਕਿ ਅੱਥਰੂ **ਜ਼ਮੀਨ** ਤੱਕ ਪਹੁੰਚ ਗਏ। ਫਿਰ ਹਜ਼ਰਤ ਬਿਲਾਲ ਰਜ਼ਿ ਅੱਲਾਹੁ ਅਨਹੁ ਆਪ ਸੱਲ-ਲੱਲਾਹੁ ਅਲੈਹਿ-ਵਸੱਲ ਨੂੰ ਫਜਰ ਦੀ ਸੂਚਨਾ ਦੇਣ ਦੇ ਲਈ ਆਏ। ਜਦ ਉਨ੍ਹਾਂ ਨੇ ਆਪ ਸੱਲ-ਲੱਲਾਹੁ ਅਲੈਹਿ-ਵਸੱਲ ਨੂੰ ਰੋਂਦੇ ਹੋਏ ਦੇਖਿਆ ਤਾਂ ਅਰਜ਼ ਕੀਤਾ ਕਿ ਐ ਅੱਲਾਹ ਦੇ ਰਸੂਲ! ਆਪ ਰੋ ਰਹੇ ਹੋ! ਹਾਲਾਂਕਿ ਅੱਲਾਹ ਤਆਲਾ ਨੇ ਆਪ ਸੱਲ-ਲੱਲਾਹੁ ਅਲੈਹਿ-ਵਸੱਲ ਦੇ ਅਗਲੇ ਪਿਛਲੇ ਸਾਰੇ ਗੁਨਾਹ ਨੂੰ ਮੁਆਫ਼ ਕਰ ਦਿੱਤੇ ਹਨ। ਆਪ ਸੱਲ-ਲੱਲਾਹੁ ਅਲੈਹਿ-ਵਸੱਲ ਨੇ ਫ਼ਰਮਾਇਆ ਕਿ ਕੀ ਮੈਂ **ਸ਼ੁਕਰ ਗੁਜ਼ਾਰ** ਬੰਦਾ ਨਾ ਬਣਾਂ?

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸਾਰੀ ਜ਼ਿੰਦਗੀ **ਇਸ਼ਕ਼ਿ ਇਲਾਹੀ** ਵਿੱਚ ਡੁੱਬੀ ਹੋਈ ਸੀ। ਇਨ੍ਹਾਂ ਇਸ਼ਕ਼ਿ ਇਲਾਹੀ ਦੇ ਨਜ਼ਾਰਿਆਂ ਨੂੰ ਦੇਖ ਕੇ ਮੱਕੇ ਦੇ ਲੋਕ ਇਹੀ ਕਹਿੰਦੇ ਸਨ ਕਿ عَشِقَ مُحَمَّدٌ عَلٰى رَبِّهٖ ਯਾਨੀ ਮੁਹੰਮਦ ਤਾਂ ਆਪਣੇ ਰੱਬ ਤੇ ਆਸ਼ਿਕ਼ ਹੋ ਗਿਆ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਇਹ ਉਸਵਃ ਅਤੇ ਅੱਲਾਹ ਤਆਲਾ ਦੀ ਮੁਹੱਬਤ ਦਾ ਨਮੂਨਾ ਸੀ ਜਿਸ ਦੀਆਂ ਕੁੱਝ ਮਿਸਾਲਾਂ ਮੈਂ ਪੇਸ਼ ਕੀਤੀਆਂ ਹਨ। ਇਸੇ ਨਮੂਨੇ ਦਾ ਅਸਰ ਸੀ ਕਿ ਸਹਾਬਾ ਵਿੱਚ ਇੱਕ **ਇਨਕ਼ਿਲਾਬ** ਪੈਦਾ ਹੋਇਆ ਅਤੇ ਉਨ੍ਹਾਂ ਨੇ ਉਹ ਮੁਕ਼ਾਮ ਪਾਇਆ ਜਿਸ ਦਾ ਇਸ ਤੋਂ ਪਹਿਲਾਂ ਤਸੱਵੁਰ ਵੀ ਨਹੀਂ ਕੀਤਾ ਜਾ ਸਕਦਾ ਸੀ। ਇਹੀ ਉਹ **ਕਾਮਿਲ** ਅਤੇ **ਮੁਕੰਮਲ** ਤਾਅਲੀਮ ਹੈ ਜਿਸ ਨੂੰ ਆਪ ਸੱਲ-ਲੱਲਾਹੁ ਅਲੈਹਿ-ਵਸੱਲ ਦੇ **ਗ਼ੁਲਾਮਿ ਸਾਦਿਕ਼** ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ ਵੀ ਅਪਣਾਇਆ। ਆਪ ਅਲੈਹਿੱਸ੍ ਸਲਾਮ ਇੱਕ ਜਗ੍ਹਾ ਫ਼ਰਮਾਉਂਦੇ ਹਨ ਕਿ ਅੱਲਾਹ ਤਆਲਾ ਨੇ ਆਪ ਨੂੰ ਵੀ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲ ਦੀ ਕਾਮਿਲ ਪੈਰਵੀ ਦੀ ਵਜ੍ਹਾ ਨਾਲ ਨਵਾਜ਼ਿਆ ਹੈ। ਅੱਜ ਅਸੀਂ ਜੋ ਇਹ ਦਾਅਵਾ ਕਰਦੇ ਹਾਂ ਕਿ ਅਸੀਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਹਕ਼ੀਕ਼ੀ ਮੰਨਣ ਵਾਲੇ ਹਾਂ ਅਤੇ ਅਸੀਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਗ਼ੁਲਾਮਿ ਸਾਦਿਕ਼ ਦੇ ਹੱਥ 'ਤੇ ਬੈਅਤ ਕਰਕੇ ਇਹ ਤਜਦੀਦ ਅਤੇ ਵਾਅਦਾ ਕੀਤਾ ਹੈ ਕਿ ਆਇੰਦਾ ਅਸੀਂ ਆਪਣੀ ਜ਼ਿੰਦਗੀ ਨੂੰ ਖ਼ੁਦਾ ਤਆਲਾ ਦੇ ਹੁਕਮਾਂ ਦੇ ਮੁਤਾਬਿਕ਼ ਢਾਲਣ ਦੀ ਕੋਸ਼ਿਸ਼ ਕਰਾਂਗੇ ਤਾਂ ਸਾਨੂੰ ਇਸ ਪਾਸੇ ਤਵੱਜੋ ਦੇਣੀ ਚਾਹੀਦੀ ਹੈ ਕਿ ਅਸੀਂ ਹਰ ਕੰਮ ਖ਼ਾਲਿਸਤਨ ਅੱਲਾਹ ਤਆਲਾ ਦੇ ਲਈ ਕਰਨਾ ਹੈ ਅਤੇ ਉਸਦੀ ਮੁਹੱਬਤ ਵਿੱਚ ਅੱਗੇ ਵਧਣ ਦੀ ਕੋਸ਼ਿਸ਼ ਕਰਨੀ ਹੈ। ਅੱਲਾਹ ਤਆਲਾ ਸਾਨੂੰ ਇਸ ਗੱਲ ਦੀ ਤੌਫ਼ੀਕ਼ ਅਤਾ ਫ਼ਰਮਾਵੇ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ **ਪਾਕਿਸਤਾਨ** ਦੇ ਅਹਿਮਦੀਆਂ ਦੇ ਲਈ ਅੱਜ ਕੱਲ ਦੁਆ ਕਰੋ। ਉੱਥੇ ਮੁਬਾਰਕ ਸਾਹਨੀ ਸਾਹਿਬ ਜਿਨ੍ਹਾਂ 'ਤੇ ਕ਼ੁਰਆਨ ਕਰੀਮ ਰੱਖਣ, ਉਸਨੂੰ ਪੜ੍ਹਨ ਅਤੇ ਪੜ੍ਹਾਉਣ ਦੇ **ਇਲਜ਼ਾਮ** ਦੇ ਤਹਿਤ ਇੱਕ ਮੁਕ਼ੱਦਮਾ ਚੱਲ ਰਿਹਾ ਸੀ। ਉਨ੍ਹਾਂ ਨੂੰ ਸੈਸ਼ਨ ਜੱਜ ਨੇ ਉਮਰ ਕ਼ੈਦ ਦੀ ਸਜ਼ਾ ਸੁਣਾਈ ਹੈ। ਅਸੀਂ ਦੁਆ ਕਰਦੇ ਹਾਂ ਅੱਲਾਹ ਤਆਲਾ ਉਨ੍ਹਾਂ ਦੀ ਛੇਤੀ ਪਕੜ ਦੇ ਸਮਾਨ ਕਰੇ। ਅੱਲਾਹ ਤਆਲਾ ਦੀ ਪਕੜ ਇਨਸ਼ਾ ਅੱਲਾਹ ਛੇਤੀ ਉਨ੍ਹਾਂ 'ਤੇ ਆਵੇਗੀ ਅਤੇ ਇਸ ਦੇ ਨਿਸ਼ਾਨ ਨਜ਼ਰ ਵੀ ਆ ਰਹੇ ਹਨ। ਪਰ ਸਾਡੀਆਂ **ਦੁਆਵਾਂ** ਵਿੱਚ ਕਮੀ, **ਅਮਲ** ਜਾਂ **ਇਬਾਦਤ** ਦੇ ਹੱਕ਼ ਸਹੀ ਨਾ ਅਦਾ ਕਰਨ ਦੀ ਵਜ੍ਹਾ ਨਾਲ ਇਸ ਵਿੱਚ ਦੇਰ ਨਾ ਹੋ ਜਾਵੇ, ਇਸ ਦੀ ਫ਼ਿਕਰ ਹੋਣੀ ਚਾਹੀਦੀ ਹੈ ਜਿਵੇਂ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਵੀ ਇਸ ਖ਼ੌਫ਼ ਨਾਲ ਕਈ ਵਾਰ ਬੱਦਲਾਂ ਨੂੰ ਦੇਖ ਕੇ ਦੁਆ ਕਰਿਆ ਕਰਦੇ ਸਨ। ਬਸ ਦੁਆਵਾਂ ਦੇ ਵੱਲ ਬਹੁਤ ਵੱਜੋ ਦੀ ਲੋੜ ਹੈ। ਇਸੇ ਤਰ੍ਹਾਂ ਬਾਕ਼ੀ ਦੁਨੀਆ ਦੇ ਮਜ਼ਲੂਮਾਂ ਦੇ ਲਈ ਵੀ ਦੁਆ ਕਰੋ। ਅੱਲਾਹ ਤਆਲਾ ਹਰ ਜਗ੍ਹਾ ਹਰ ਇੱਕ ਨੂੰ ਅਮਨ ਅਤਾ ਫ਼ਰਮਾਵੇ ਅਤੇ ਹਰ ਫ਼ਿਤਨੇ ਅਤੇ ਫ਼ਸਾਦ ਤੋਂ ਬਚਾ ਕੇ ਰੱਖੇ।

ਆਖ਼ਿਰ 'ਤੇ ਹਜ਼ੂਰ ਅਨਵਰ ਨੇ ਦੋ ਮਰਹੂਮਾਂ ਦਾ **ਜ਼ਿਕਰਿ ਖ਼ੈਰ** ਫ਼ਰਮਾਇਆ। ਪਹਿਲਾ ਜ਼ਿਕਰ ਮੁਕੱਰਮ ਮੌਲਾਨਾ ਜਲਾਲੁੱਦੀਨ ਨੱਯਰ ਸਾਹਿਬ ਸਾਬਿਕ਼ ਸਦਰ ਸਦਰ ਅੰਜੁਮਨ ਅਹਮਦਿੱਯਾ ਅਤੇ ਸਦਰ ਮਜਲਿਸ ਤਹਿਰੀਕਿ ਜਦੀਦ ਕਾਦੀਆਂ ਦਾ ਸੀ। ਉਨ੍ਹਾਂ ਦੇ ਵਾਲਿਦ ਮੁਕੱਰਮ ਐਚ ਹੁਸੈਨ ਸਾਹਿਬ ਕੈਰਾਲਾ ਨੇ 1922 ਈ: ਵਿੱਚ ਅਹਮਦਿੱਯਤ ਕ਼ਬੂਲ ਕੀਤੀ। ਜਮਾਅਤੀ ਰਸਾਲੇ **ਸੱਤਿਆ ਦੋਤਨ** ਦੇ ਐਡੀਟਰ ਮੁਕ਼ੱਰਰ ਹੋਏ। 1950 ਈ: ਵਿੱਚ ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਦੀ **ਤਹਿਰੀਕ ਬਰਾਏ ਆਬਾਦੀਇ ਕ਼ਾਦੀਆਨ** 'ਤੇ ਲੱਬੈਕ ਕਹਿੰਦੇ ਹੋਏ ਆਪਣੀ ਪੂਰੀ ਫ਼ੈਮਲੀ ਲੈ ਕੇ ਕਾਦੀਆਂ ਆ ਗਏ ਅਤੇ ਉੱਥੇ ਆ ਕੇ ਆਬਾਦ ਹੋ ਗਏ ਲੇਕਿਨ ਇੱਕ ਸਾਲ ਦੇ ਅੰਦਰ ਹੀ ਕਾਦੀਆਂ ਵਿੱਚ ਉਨ੍ਹਾਂ ਦੀ ਵਫ਼ਾਤ ਹੋ ਗਈ। ਨੱਯਰ ਸਾਹਿਬ ਦੀ ਵਾਲਦਾ ਮੋਹਤਰਮਾ ਜ਼ੁਬੈਦਾ ਸੁਲਤਾਨਾ ਸਾਹਿਬਾ ਨੇ ਫਿਰ ਚੌਧਰੀ ਅਬਦੁਲ ਹੱਕ਼

ਸਾਹਿਬ ਦਰਵੇਸ਼ ਕਾਦੀਆਂ ਨਾਲ਼ ਦੂਸਰੀ ਸ਼ਾਦੀ ਕਰ ਲਈ। ਜਲਾਲੁੱਦੀਨ ਨੱਯਰ ਸਾਹਿਬ ਦੀ ਸ਼ੁਰੂਆਤੀ ਸਿੱਖਿਆ ਕਾਦੀਆਂ ਵਿੱਚ ਹੋਈ ਅਤੇ 1963 ਈ: ਵਿੱਚ ਫਿਰ ਉਨ੍ਹਾਂ ਨੇ **ਮੌਲਵੀ ਫ਼ਾਜ਼ਿਲ** ਦਾ ਇਮਤਿਹਾਨ ਪਾਸ ਕੀਤਾ। ਆਪ ਨੇ ਬਤੌਰ ਇੰਸਪੈਕਟਰ ਬੈਤੁਲ ਮਾਲ ਦੇ ਲੰਮਾ ਅਰਸਾ ਖ਼ਿਦਮਤ ਕੀਤੀ ਇਸੇ ਵਜ੍ਹਾ ਨਾਲ਼ ਉਨ੍ਹਾਂ ਦੇ ਹਿੰਦੁਸਤਾਨ ਦੇ ਕੋਨਿਆਂ ਵਿੱਚ ਜਮਾਅਤਾਂ ਦੇ ਲੋਕਾਂ ਨਾਲ਼ ਜ਼ਾਤੀ **ਤਅੱਲੁਕ** ਵੀ ਸਨ। 63 ਸਾਲ ਤੱਕ ਮਰਹੂਮ ਨੂੰ ਜਮਾਅਤੀ ਖ਼ਿਦਮਤ ਦੀ ਸਆਦਤ ਨਸੀਬ ਹੋਈ। ਇਸੇ ਦੌਰਾਨ ਆਡੀਟਰ, ਮੁਹਾਸਿਬ ਅਤੇ ਫਿਰ ਲੰਮਾ ਅਰਸਾ ਬਤੌਰ ਨਾਜ਼ਿਰ ਬੈਤੁਲ ਮਾਲ ਆਮਦ ਖ਼ਿਦਮਤ ਦਾ ਮੌਕ਼ਾ ਮਿਲਿਆ। ਸੱਤ ਸਾਲ ਤੱਕ ਇਹ ਸਦਰ ਸਦਰ ਅੰਜੁਮਨ ਅਹਮਦਿੱਯਾ ਕਾਦੀਆਂ ਵੀ ਮੁਕ਼ੱਰਰ ਰਹੇ ਅਤੇ ਫਿਰ ਸਿਹਤ ਜਦ ਤੱਕ ਇਜਾਜ਼ਤ ਦਿੰਦੀ ਰਹੀ ਸਦਰ ਮਜਲਿਸ ਤਹਿਰੀਕਿ ਜਦੀਦ ਵੀ ਰਹੇ। ਇਸੇ ਤਰ੍ਹਾਂ ਜ਼ੈਲੀ ਤਨਜ਼ੀਮਾਂ ਵਿੱਚ ਵੀ ਇਨ੍ਹਾਂ ਨੂੰ ਖ਼ਿਦਮਤ ਦੀ ਤੌਫ਼ੀਕ਼ ਮਿਲੀ। ਇਬਾਦਤ ਗੁਜ਼ਾਰ ਅਤੇ ਨਮਾਜ਼ ਰੋਜ਼ੇ ਦੇ ਪਾਬੰਦ ਸਨ। ਖ਼ਿਲਾਫ਼ਤ ਦੀ ਹਰ ਗੱਲ ਦੀ ਤਾਅਮੀਲ ਕਰਨ ਵਾਲਿਆਂ ਵਿੱਚ ਪਹਿਲੇ ਲੋਕਾਂ ਵਿੱਚ ਸ਼ਾਮਿਲ ਸਨ। **ਐਥਲੀਟ** ਵੀ ਸਨ। ਮਰਹੂਮ ਦੇ ਦੋ ਬੇਟੇ ਅਤੇ ਇੱਕ ਬੇਟੀ ਹੈ ਜਿਹੜੇ ਜਮਾਅਤ ਦੀ ਖ਼ਿਦਮਤ ਕਰ ਰਹੇ ਹਨ।

ਇਸੇ ਤਰ੍ਹਾਂ ਮੀਰ ਹਬੀਬ ਅਹਿਮਦ ਸਾਹਿਬ ਇਬਨ ਮੀਰ ਮੁਸ਼ਤਾਕ਼ ਅਹਿਮਦ ਸਾਹਿਬ ਦਾ ਵੀ **ਜ਼ਿਕਰਿ ਖ਼ੈਰ** ਕੀਤਾ ਅਤੇ ਦੋਹਾਂ ਮਰਹੂਮਾਂ ਦੀ **ਮਗ਼ਫ਼ਿਰਤ** ਅਤੇ ਦਰਜਿਆਂ ਦੀ ਬੁਲੰਦੀ ਦੇ ਲਈ ਦੁਆ ਕੀਤੀ ਅਤੇ **ਨਮਾਜ਼ਿ ਜਨਾਜ਼ਾ ਗ਼ਾਇਬ** ਪੜ੍ਹਾਉਣ ਦਾ ਐਲਾਨ ਫ਼ਰਮਾਇਆ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِىَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞
عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞